PUNJAB STATE TRANSMISSION CORPORATION LIMITED
(Regd. Office: PSEB, Head Office, The Mall, Patiala-147001, Punjab, India)
Corporate Identity Number: U40109PB2010SGC033814
OFFICE OF Dy.CE/HR & ADMN., SHAKTI SADAN, PATIALA
FAX NO:- 0175-2220054 TELEPHONE NO:- 0175-2970693 Website : pstcl.org

ਦਫਤਰੀ ਹੁਕਮ ਨੰ : 473 /ਐਚ.ਆਰ ਤੇ ਪ੍ਰਬੰਧਕੀ ਮਿਤੀ: 9/7/24

ਬੀ.ਓ.ਡੀਜ਼ ਦੀ 84ਵੀਂ ਮੀਟਿੰਗ ਵਿੱਚ ਪ੍ਰਮੁੱਖ ਇੰਜੀ:/ਐਚ.ਆਈ.ਐਸ. ਤੇ ਡੀ ਦੇ ਐਜੰਡਾ ਨੰ 12 ਮਿਤੀ 05.06.2024 ਸਬੰਧੀ ਮਿਤੀ 10.06.2024 ਨੂੰ ਲਏ ਗਏ ਫੈਸਲੇ ਦੀ ਪਾਲਣਾ ਵਿੱਚ ਤਰੱਕੀ ਫਾਰਗੋ ਸਬੰਧੀ ਹੇਠ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

" ਸਕੱਤਰ/ਅਗਜ਼ਟੀ ਭਾਗ-4 ਪਟਿਆਲਾ ਵੱਲੋ ਮੀਮੋ ਨੰ: 192877/194427/ਈਐਨਜੀ/ਜੀ-212/ਭਾਗ-8 ਮਿਤੀ 22.10.93 ਰਾਹੀਂ ਜਾਰੀ ਹਦਾਇਤਾਂ ਅਤੇ ਗੈ:ਸ:ਪੱ: ਨੰ: 47222/ਈਐਨਜੀ/ਜੀ-212 ਮਿਤੀ 7.4.95 ਰਾਹੀਂ ਦਿੱਤੇ ਸਪੱਸ਼ਟੀਕਰਨ ਦੀ ਅਧਿਲੰਘਣਾ ਵਿੱਚ ਨਿਮਨ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਜੀ।

1. ਜੇਕਰ ਕੋਈ ਅਧਿਕਾਰੀ/ਕਰਮਚਾਰੀ 3 ਸਾਲ ਲਈ ਤਰੱਕੀ ਫਾਰਗੋ ਕਰਦਾ ਹੈ ਤਾਂ ਅਧਿਕਾਰੀ/ਕਰਮਚਾਰੀ ਨੂੰ ਪਹਿਲਾ ਦੀ ਤਰ੍ਹਾਂ 9/16/23 ਸਮਾਂ ਬੱਧ ਸਕੇਲ/ਪ੍ਰਮੋਸ਼ਨਲ ਇੰਨਕਰੀਮੈਂਟ ਮਿਲਣਯੋਗ ਨਹੀਂ ਹੋਣਗੇ ਅਤੇ 3 ਸਾਲ ਦਾ ਸਮਾਂ ਪੁੱਗਣ ਤੇ ਸਬੰਧਤ ਤਰੱਕੀ ਅਧਿਕਾਰੀ ਵੱਲੋ ਅਗਲੇਰੇ ਤਰੱਕੀ ਪੈਨਲ ਵਿੱਚ ਕਰਮਚਾਰੀਆਂ/ਅਧਿਕਾਰੀਆਂ ਦੇ ਤਰੱਕੀ ਕੇਸ ਆਪਣੇ ਪੱਧਰ ਤੇ ਵਿਚਾਰੇ ਜਾਣਗੇ ।
2. ਜੇਕਰ ਅਧਿਕਾਰੀ/ਕਰਮਚਾਰੀ ਵੱਲੋ 3 ਸਾਲ ਬਾਅਦ ਮਹਿਕਮੇ ਵੱਲੋ ਕੀਤੀ ਤਰੱਕੀ ਮੁੜ ਫਾਰਗੋ ਕੀਤੀ ਜਾਂਦੀ ਹੈ ਤਾਂ ਉਸਦੀ ਤਰੱਕੀ ਸਦਾ ਲਈ ਫਾਰਗੋ ਸਮਝੀ ਜਾਵੇਗੀ, ਅਧਿਕਾਰੀ/ਕਰਮਚਾਰੀ ਮੁੜ ਤਰੱਕੀ ਦਾ ਹੱਕਦਾਰ ਨਹੀਂ ਹੋਵੇਗਾ ਅਤੇ ਅਧਿਕਾਰੀ/ਕਰਮਚਾਰੀ ਨੂੰ ਪਹਿਲਾਂ ਦੀ ਤਰ੍ਹਾਂ 9/16/23 ਸਮਾਂ ਬੱਧ ਸਕੇਲ/ਪ੍ਰਮੋਸ਼ਨਲ ਇੰਨਕਰੀਮੈਂਟ ਮਿਲਣਯੋਗ ਨਹੀਂ ਹੋਣਗੇ ।
3. ਜਿਹੜੇ ਅਧਿਕਾਰੀ/ਕਰਮਚਾਰੀ ਆਪਣੀ ਤਰੱਕੀ 3 ਸਾਲ ਲਈ ਫਾਰਗੋ ਕਰਨਗੇ, ਉਹ ਜਦੋ ਤੱਕ 3 ਸਾਲ ਬਾਅਦ ਮੁੜ ਪਦ ਉਨਤ ਹੋਣ ਉਪਰੰਤ ਜੁਆਇਨ ਨਹੀਂ ਕਰ ਜਾਂਦੇ, ਉਦੋ ਤੱਕ ਉਹ ਅਗਲੇਰੀ ਅਸਾਮੀ ਤੇ ਆਪਣੀ ਪਰਸਪਰ ਸੀਨੀਆਰਤਾ ਲੂਜ਼ ਕਰਨਗੇ । ਅਜਿਹੇ ਅਧਿਕਾਰੀ/ਕਰਮਚਾਰੀ ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਤੋ ਜੂਨੀਅਰ ਹੋਣਗੇ ਜਿਹੜੇ ਕਿ ਉਹਨਾਂ ਤੋ ਪਹਿਲਾ ਤਰੱਕੀ ਪਾ ਚੁੱਕੇ ਹਨ ਅਤੇ ਇਹਨਾਂ ਅਧਿਕਾਰੀਆਂ/ਕਰਮਚਾਰੀਆਂ ਦੀ ਸੀਨੀਆਰਤਾ ਪਹਿਲਾ ਪਦ ਉਨਤ ਹੋਏ ਜੂਨੀਅਰ ਅਧਿਕਾਰੀਆਂ/ਕਰਮਚਾਰੀਆਂ ਤੋ ਹੇਠਾਂ ਅਲਾਟ ਹੋਵੇਗੀ ।
4. ਤਰੱਕੀ ਫਾਰਗੋ ਸਬੰਧੀ ਉਪਰੋਕਤ ਹਦਾਇਤਾਂ ਦਫਤਰੀ ਹੁਕਮ ਜਾਰੀ ਹੋਣ ਦੀ ਮਿਤੀ ਤੋਂ (prospectively) ਲਾਗੂ ਹੋਣਗੀਆਂ। "

Sd/- 9/7/2024
ਉਪ ਮੁੱਖ ਇੰਜੀ:/ਐਚ.ਆਰ ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ. ਪਟਿਆਲਾ

ਪਿੱਠ ਅੰਕਣ ਨੰ 7116/21 / ਮਿਤੀ: 9/7/24

Copy of the above is forwarded to following for information & further necessary action, please:-

1. All EIC/CE, PSTCL.
2. CFO, PSTCL, Patiala.
3. CAO (F&A), PSTCL, Patiala.
4. All Dy.CE/SE, PSTCL.
5. All Addl.SE/Sr.Xen/Dy.Secy., PSTCL.
6. Company Secy., PSTCL, Patiala w.r.t. his U.O.No.834/BOD/84.37 dt.01.07.2024.

-Sd-
ਉਪ ਮੁੱਖ ਇੰਜੀ:/ਐਚ.ਆਰ ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ. ਪਟਿਆਲਾ

7122/25
9/7/24

CC:

1. Dy.Secy.(Steno) to CMD, PSTCL, Patiala.
2. Dy.CAO to Director/F&C, PSTCL, Patiala.
3. Sr.Xen. to Director/Technical, PSTCL, Patiala.
4. Sr.Xen. to Director/Admn., PSTCL, Patiala.

Scanned with OKEN Scanner